# ਐਲਬਰਟਾ ਦੇ ਵਿਦਿਆਰਥੀਆਂ ਲਈ ਨਵੇਂ ਸਕੂਲ ਬਣਾਉਣ 'ਚ ਤੇਜ਼ੀ ਲਿਆਉਣਾ

18 ਸਤੰਬਰ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਆਉਣ ਵਾਲੇ ਸੱਤ ਸਾਲਾਂ 'ਚ ਸੂਬੇ ਭਰ 'ਚ 200,000 ਨਵੇਂ ਵਿਦਿਆਰਥੀ ਸਥਾਨ/ਅਸਾਮੀਆਂ ਪੂਰੇ ਕਰਨ ਅਤੇ ਖੋਲ੍ਹਣ ਲਈ 8.6 ਬਿਲੀਅਨ ਡਾਲਰ ਦੀ ਵਚਨਬੱਧਤਾ ਕਰ ਰਹੀ ਹੈ।

ਐਲਬਰਟਾ ਦੀ ਵੱਸੋਂ ਤੇਜ਼ੀ ਨਾਲ ਵਧ ਰਹੀ ਹੈ ਕਿਉਂਕਿ ਕੈਨੇਡਾ ਅਤੇ ਦੁਨੀਆਂ ਭਰ 'ਚੋਂ ਹੋਰ ਵਧੇਰੇ ਲੋਕ ਸੂਬੇ ਨੂੰ ਆਪਣਾ ਘਰ ਬਣਾਉਣ ਦੀ ਚੋਣ ਕਰ ਰਹੇ ਹਨ। ਇਹ ਤੇਜ਼ ਵਾਧਾ ਕਿੰਡਰਗਾਰਟਨ ਤੋਂ ਗਰੇਡ 12 ਦੇ ਵਿਦਿਅਕ ਸਿਸਟਮ ਉੱਪਰ ਵਿਦਿਆਰਥੀਆਂ ਦੇ ਇਤਿਹਾਸਕ ਦਰਾਂ ਨਾਲ ਵਧ ਰਹੇ ਦਾਖਲਿਆਂ ਨਾਲ ਬੋਝ ਪਾ ਰਿਹਾ ਹੈ।

ਵਿਦਿਆਰਥੀ ਦਾਖਲਿਆਂ 'ਚ ਤੇਜ਼ ਵਾਧੇ ਦੇ ਨਾਲ ਚੱਲਣ ਲਈ, ਐਲਬਰਟਾ ਸਰਕਾਰ ਨਵੇਂ ਸਕੂਲ ਕੰਸਟ੍ਰੱਕਸ਼ਨ ਐਕਸੈਲਰੇਟਰ ਪ੍ਰੋਗਰਾਮ ਰਾਹੀਂ 8.9 ਬਿਲੀਅਨ ਡਾਲਰ ਦੀ ਵਚਨਬੱਧਤਾ ਕਰ ਰਹੀ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਦੇ ਸਿੱਖਣ, ਵਧਣ ਫੁੱਲਣ ਅਤੇ ਆਪਣੀਆਂ ਸੰਭਾਵਨਾਵਾਂ ਤੱਕ ਪੁੱਜਣ ਲਈ ਵਿਦਿਆਰਥੀਆਂ ਵਾਸਤੇ 200,000 ਤੋਂ ਵਧੇਰੇ ਨਵੀਆਂ ਅਤੇ ਆਧੁਨਿਕੀਕ੍ਰਿਤ ਆਸਾਮੀਆਂ/ਸਥਾਨ ਪੈਦਾ ਕਰੇਗਾ। ਬੱਜਟ 2025 'ਚ ਸ਼ੁਰੂ ਕਰਦਿਆਂ, ਐਲਬਰਟਾ ਸਰਕਾਰ ਆਉਣ ਵਾਲੇ ਤਿੰਨ ਸਾਲਾਂ ਲਈ ਹਰੇਕ ਸਾਲ 30 ਤੱਕ ਨਵੇਂ ਸਕੂਲਾਂ ਦਾ ਪ੍ਰਾਰੰਭ ਕਰੇਗੀ ਅਤੇ ਅੱਠ ਤੱਕ ਸਕੂਲਾਂ ਦਾ ਆਧੁਨਿਕੀਕਰਨ ਅਤੇ ਕਰੇਗੀ।

"ਹਰੇਕ ਵਿਦਿਆਰਥੀ ਇਕ ਅਜਿਹੇ ਸਕੂਲ 'ਚ ਚੰਗੇ ਦਰਜੇ ਦੀ ਸਿੱਖਿਆ ਦਾ ਹੱਕਦਾਰ ਹੈ ਜਿਹੜਾ ਉਨ੍ਹਾਂ ਪ੍ਰਤਿਸਥਾਪਨ ਦੀਆਂ ਸਿੱਖਿਆ ਜ਼ਰੂਰਤਾਂ ਦੀ ਪੂਰਤੀ ਕਰ ਸਕਦਾ ਅਤੇ ਉਨ੍ਹਾਂ ਨੂੰ ਭਵਿੱਖ 'ਚ ਕਾਮਯਾਬ ਹੋਣ ਦੇ ਰਸਤੇ 'ਤੇ ਪਾ ਸਕਦਾ ਹੋਵੇ। ਜਦੋਂ ਕਿ ਲੱਖਾਂ ਲੋਕ ਐਲਬਰਟਾ ਨੂੰ ਆਪਣਾ ਘਰ ਬਣਾਉਣ ਦੀ ਚੋਣ ਕਰ ਰਹੇ ਹਨ, ਅਸੀਂ ਆਪਣੀਆਂ ਤੇਜ਼ੀ ਨਾਲ ਵਧ ਫੁਲ ਰਹੀਆਂ ਕਮਿਊਨਿਟੀਆਂ ਦੀਆਂ ਜ਼ਰੂਰਤਾਂ ਨੂੰ ਫੰਡਿੰਗ ਦੇਣ ਅਤੇ ਸਕੂਲ ਉਸਾਰਨ ਦੁਆਰਾ ਪੂਰਿਆਂ ਕਰ ਰਹੇ ਹਾਂ। ਜਦੋਂ ਕਿ ਅਸੀਂ ਉਸਾਰਨ ਜਾ ਰਹੇ ਹਾਂ, ਅਸੀਂ ਸਕੂਲ ਬੋਰਡਾਂ ਅਤੇ ਮਿਊਂਸਪੈਲਿਟੀਆਂ ਨੂੰ ਸਾਡੇ ਨਾਲ ਮਿਲਕੇ ਕੰਮ ਕਰਨ ਲਈ ਆਖ ਰਹੇ ਹਾਂ ਤਾਂ ਕਿ ਅਸੀਂ ਉਸਾਰੀ ਦਾ ਆਰੰਭ ਜਿੰਨੀ ਜਲਦੀ ਸੰਭਵ ਹੋਵੇ, ਕਰ ਸਕੀਏ।"

*Danielle Smith, ਪ੍ਰੀਮੀਅਰ*

ਕੈਲਗਰੀ ਮੈਟਰੋਪੌਲੀਟਨ ਏਰੀਆ ਅਤੇ ਐਡਮਿੰਟਨ ਮੈਟਰੋਪੌਲੀਟਨ ਰਿਜਨ, ਸੂਬੇ ਭਰ 'ਚੋਂ ਹੋਰ ਕਮਿਊਨਿਟੀਆਂ ਸਮੇਤ, ਵਿਦਿਆਰਥੀਆਂ ਦੀ ਗਿਣਤੀ ਦੇ ਤਕੜੇ ਵਾਧੇ ਅਤੇ ਪੁਰਾਣੀਆਂ ਹੋ ਰਹੀਆਂ ਸਕੂਲ ਇੰਨਫ੍ਰਾਸਟ੍ਰੱਕਚਰਾਂ ਦਾ ਦਬਾਉ ਮਹਿਸੂਸ ਕਰਦੇ ਆ ਰਹੇ ਹਨ। ਸਕੂਲ ਕੰਸਟ੍ਰੱਕਸ਼ਨ ਐਕਸੈਲਰੇਟਰ ਪ੍ਰੋਗਰਾਮ ਦੇ ਨਤੀਜੇ ਵਜੋਂ ਆਉਂਦੇ ਤਿੰਨ ਸਾਲਾਂ ਦੌਰਾਨ 50,000 ਤੋਂ ਵੱਧ ਨਵੇਂ ਜਾਂ ਆਧੁਨਿਕੀਕ੍ਰਿਤ ਵਿਦਿਆਰਥੀ ਸਥਾਨ/ਆਸਾਮੀਆਂ ਪੈਦਾ ਹੋਣਗੇ - ਅਤੇ ਉਨ੍ਹਾਂ ਤੋਂ ਮਗਰੋਂ ਆਉਣ ਵਾਲੇ ਚਾਰ ਸਾਲਾਂ ਦੌਰਾਨ

150,000 ਤੋਂ ਵੱਧ ਨਵੇਂ ਅਤੇ ਆਧੁਨਿਕੀਕ੍ਰਿਤ ਸਥਾਨ/ਅਸਾਮੀਆਂ ਪੈਦਾ ਹੋਣਗੇ। ਕੁੱਲ ਮਿਲਾ ਕੇ ਸਕੂਲ ਕੰਸਟ੍ਰੱਕਸ਼ਨ ਐਕਸੈਲਰੇਟਰ ਪ੍ਰੋਗਰਾਮ ਦਾ ਮਤਲਬ ਹੋਵੇਗਾ ਕਿ ਆਉਂਦੇ ਤਿੰਨ ਸਾਲਾਂ ਦੌਰਾਨ ਹਰੇਕ ਸਾਲ 30 ਤੱਕ ਨਵੇਂ ਸਕੂਲ ਪ੍ਰਾਜੈਕਟਾਂ ਦੀ ਮਨਜ਼ੂਰੀ ਅਤੇ ਅੱਠ ਤੱਕ ਨਵੇਂ ਆਧੁਨਿਕੀਕਰਨ ਜਾਂ ਪ੍ਰਤਿਸਥਾਪਨ ਪ੍ਰਾਜੈਕਟ। ਸਕੂਲ ਪ੍ਰਾਜੈਕਟਾਂ ਤੋਂ ਇਲਾਵਾ, ਆਉਂਦੇ ਚਾਰ ਸਾਲਾਂ ਦੌਰਾਨ ਵਿਦਿਆਰਥੀਆਂ ਲਈ 20,000 ਨਵੇਂ ਸਥਾਨ/ਅਸਾਮੀਆਂ ਮੌਡੂਲਰ ਕਲਾਸਰੂਮਾਂ ਰਾਹੀਂ ਮੁਹੱਈਆ ਕੀਤੇ ਜਾਣਗੇ।

"ਅਸੀਂ ਆਪਣੇ ਸੂਬੇ ਦੇ ਭਵਿੱਖ ਵਾਸਤੇ ਪੂੰਜੀ ਨਿਵੇਸ਼ ਕਰ ਰਹੇ ਹਾਂ। ਸਾਡੀ ਪ੍ਰਤਿਬੱਧਤਾ ਨਾਲ ਆਉਂਦੇ ਤਿੰਨ ਸਾਲਾਂ ਦੌਰਾਨ ਹਰੇਕ ਸਾਲ 30 ਨਵੇਂ ਸਕੂਲਾਂ ਦਾ ਪ੍ਰਾਰੰਭ ਕੀਤਾ ਜਾਵੇਗਾ, ਇੰਜ ਅਸੀਂ ਵਿਦਿਆਰਥੀਆਂ ਨੂੰ ਸਿੱਖਣ, ਵਧਣ ਫੁੱਲਣ ਅਤੇ ਆਪਣੀਆਂ ਸੰਪੂਰਨ ਸਮਰੱਥਾਵਾਂ ਤੱਕ ਪਹੁੰਚਣ ਲਈ ਸੂਬੇ ਭਰ ਵਿਚ ਅਤੇ ਆਪਣੀਆਂ ਸਭ ਤੋਂ ਵੱਧ ਤੇਜ਼ੀ ਨਾਲ ਵਧ ਰਹੀਆਂ ਕਮਿਊਨਿਟੀਆਂ ਵਿਚ ਨਵੇਂ ਵਿਦਿਆਰਥੀ ਸਥਾਨ/ਅਸਾਮੀਆਂ ਮੁਹੱਈਆ ਰਕ ਰਹੇ ਹਾਂ।"

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

"ਮੈਂ ਸਕੂਲਾਂ ਦੀ ਉਸਾਰੀ ਵਾਸਤੇ ਆਪਣੇ ਮੰਤਰਾਲੇ ਅਤੇ ਇੰਡਸਟਰੀ ਭਾਈਵਾਲਾਂ ਨਾਲ ਕੰਮ ਕਰਨ ਦੀ ਆਸ ਕਰਦਾ ਹਾਂ, ਜਿੰਨ੍ਹਾਂ ਦੀ ਐਲਬਰਟਾ ਨਿਵਾਸੀਆਂ ਨੂੰ ਲੋੜ ਹੈ, ਅਤੇ ਇਹ ਯਕੀਨੀ ਬਣਾਉਣ ਦੀ ਆਸ ਕਰਦਾ ਹਾਂ ਕਿ ਹਰੇਕ ਸਕੂਲ ਪ੍ਰਾਜੈਕਟ ਇੰਨਾਂ ਅਨੋਖਾ ਹੋਵੇ ਜਿੰਨੇ ਅਨੋਖੇ ਉਸ ਦੀ ਵਰਤੋਂ ਕਰਨ ਵਾਲੇ ਵਿਦਿਆਰਥੀ ਹਨ। ਸਕੂਲ ਉਸਾਰੀਆਂ, ਆਧੁਨਿਕੀਕਰਨ ਅਤੇ ਨਵੀਨੀਕਰਨ ਸੂਬੇ ਭਰ ਵਿਚ ਕਈ ਹਜ਼ਾਰਾਂ ਨੌਕਰੀਆਂ ਦੇ ਪੈਦਾ ਕਰਨ ਵਿਚ ਸਹਾਇਤਾ ਕਰਦੇ ਹਨ। ਜਦੋਂ ਕਿ ਐਲਬਰਟਾ ਦੀਆਂ ਕਮਿਊਨਿਟੀਆਂ ਵਧਣਾ ਫੁਲਣਾ ਜਾਰੀ ਰੱਖਦੀਆਂ ਹਨ, ਇਹ ਐਲਾਨ ਸਾਨੂੰ ਵਿਦਿਆਰਥੀ ਸਥਾਨ/ਅਸਾਮੀਆਂ ਵਧੇਰੇ ਤੇਜ਼ੀ ਅਤੇ ਵਧੇਰੇ ਨਿਪੁੰਨਤਾ ਨਾਲ ਪੂਰੀਆਂ ਕਰਨ ਦੀ ਇਜਾਜ਼ਤ ਦੇਵੇਗਾ, ਜਦ ਕਿ ਨੌਕਰੀਆਂ ਪੈਦਾ ਹੋਣਗੀਆਂ ਅਤੇ ਸਾਡੀਆਂ ਸਥਾਨਕ ਅਤੇ ਸੂਬਾਈ ਆਰਥਿਕਤਾਵਾਂ ਨੂੰ ਬੜ੍ਹਾਵਾ ਮਿਲੇਗਾ।"

*Pete Guthrie, ਮਿਨਿਸਟਰ ਆਫ ਇੰਨਫ੍ਰਾਸਟ੍ਰੱਕਚਰ*

ਸਕੂਲ ਕੰਸਟ੍ਰੱਕਸ਼ਨ ਐਕਸੈਲਰੇਟਰ ਪ੍ਰੋਗਰਾਮ ਸਕੂਲ ਪ੍ਰਾਜੈਕਟਾਂ ਨੂੰ ਅਗਲੇ ਬੱਜਟ ਤੱਕ ਉਡੀਕ ਕਰਨ ਤੋਂ ਬਗੈਰ ਉਸਾਰੀ ਦੇ ਅਗਲੇਰੇ ਪੜਾਅ 'ਚ ਪੁਚਾਉਣ ਵਾਸਤੇ ਉਸਾਰੀ ਦੇ ਅਮਲ ਨੂੰ ਉਸੇ ਸਾਲ ਦੇ ਵਿਚ ਵਿਚ ਮਨਜ਼ੂਰ ਕਰਵਾਉਣ ਦੇ ਯੋਗ ਬਣਾਉਣ ਦੁਆਰਾ ਸਕੂਲਾਂ ਦੀ ਉਸਾਰੀ 'ਚ ਤੇਜ਼ੀ ਲਿਆਉਣ ਲਈ ਝਟਪਟ ਕਾਰਵਾਈ ਵੀ ਕਰਦਾ ਹੈ। ਇਸ ਦਾ ਮਤਲਬ ਹੈ ਕਿ ਪਹਿਲਾਂ ਮਨਜ਼ੂਰ ਹੋਏ ਸਾਰੇ ਸਕੂਲ ਪ੍ਰਾਜੈਕਟ ਜੋ ਮੌਜੂਦਾ ਸਮੇਂ ਪਲੈਨਿੰਗ ਅਤੇ ਡਿਜ਼ਾਈਨ ਸਟੇਜ 'ਚ ਹਨ, ਉਹ ਆਪਣੇ ਅਗਲੇ ਪੜਾਅ ਲਈ ਜਦੋਂ ਵੀ ਤਿਆਰ ਹੋਣ, ਅਗਾਂਹ ਤੁਰ ਸਕਦੇ ਹਨ। ਇਸ ਤਬੀਲੀ ਦੁਆਰਾ, ਪਹਿਲਾਂ ਹੀ ਐਲਾਨੇ ਜਾ ਚੁੱਕੇ 10 ਤਰਜੀਹੀ ਸਕੂਲ ਪ੍ਰਾਜੈਕਟ ਹੁਣ ਪ੍ਰਾਜੈਕਟ ਡਿਲਿਵਰੀ ਦੇ ਅਗਲੇ ਪੜਾਅ ਵਾਸਤੇ ਮਨਜ਼ੂਰ ਹਨ, ਜਿੰਨ੍ਹਾਂ 'ਚੋਂ ਛੇ ਦੀ ਪੂਰੀ ਉਸਾਰੀ ਕੀਤੀ ਜਾਣੀ ਹੈ।

ਵੱਸੋਂ ਦੇ ਵਾਧੇ ਨੇ ਕੇਵਲ ਪਬਲਿਕ ਅਤੇ ਸੈਪਰੇਟ ਸਕੂਲ ਸਿਸਟਮਾਂ ਉੱਪਰ ਹੀ ਦਬਾਉ ਨੂੰ ਨਹੀਂ ਵਧਾਇਆ, ਸਗੋਂ ਸਰਕਾਰ ਦੁਆਰਾ ਫੰਡ ਕੀਤੇ ਜਾਣ ਲਈ ਚਾਰਟਰ ਪ੍ਰੋਗਰਾਮਾਂ ਅਤੇ ਸਥਾਨਾਂ/ਅਸਾਮੀਆਂ ਦੀ ਲੋੜ ਦੀ ਮੰਗ ਨੂੰ ਵੀ ਵਧਾਇਆ ਹੈ। ਪਬਲਿਕ ਚਾਰਟਰ ਸਕੂਲ ਵਿਦਿਆਰਥੀਆਂ ਨੂੰ ਸਿੱਖਣ ਦੇ ਸਟਾਈਲ, ਅਧਿਆਪਨ ਸਟਾਈਲ, ਪਹੁੰਚ ਜਾਂ ਸਿੱਖਿਆ ਸ਼ਾਸਤਰ 'ਤੇ ਕੇਂਦਰਿਤ ਕਰਨ ਦੇ ਨਿਵੇਕਲੇ ਪ੍ਰੋਗਰਾਮਾਂ ਦੁਆਰਾ ਐਲਬਰਟਾ ਦੇ ਵਿਦਿਅਕ ਪ੍ਰਬੰਧ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ, ਜਿਹੜੇ ਨਿਵੇਕਲੇ ਪ੍ਰੋਗਰਾਮ ਉਸ ਖੇਤਰ ਵਿਚਲੇ ਸਕੂਲ ਬੋਰਡਾਂ ਵੱਲੋਂ ਪ੍ਰਦਾਨ ਨਹੀਂ ਕੀਤੇ ਜਾਂਦੇ, ਜਿੱਥੇ ਉਹ ਚਾਰਟਰ ਸਥਿੱਤ ਹਨ। ਇਸ ਐਕਸੈਲਰੇਟਰ ਪ੍ਰੋਗਰਾਮ ਦੇ ਇਕ ਭਾਗ ਵਜੋਂ, ਅਗਲੇ ਚਾਰ ਸਾਲਾਂ 'ਚ ਚਾਰਟਰ ਸਕੂਲ ਐਕਸੈਲਰੇਟਰ ਪਾਇਲਟ ਪ੍ਰੋਗਰਾਮ ਦੁਆਰਾ ਐਲਬਰਟਾ ਸਰਕਾਰ 12,500 ਨਵੇਂ ਚਾਰਟਰ ਸਕੂਲ ਵਿਦਿਆਰਥੀ ਸਥਾਨਾਂ/ਅਸਾਮੀਆਂ ਦਾ ਵਾਧਾ ਕਰੇਗੀ।

ਇੰਡੀਪੈਂਡੈਂਟ ਸਕੂਲ ਮਾਪਿਆਂ ਦੀਆਂ ਚੋਣਾਂ ਅਤੇ ਸਿੱਖਿਆ ਦੀਆਂ ਚੋਣਾਂ 'ਚ ਸਹਾਈ ਹੋਣ ਲਈ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੇ ਨਾਲ ਨਾਲ ਵਿਸ਼ੇਸ਼ੀਕ੍ਰਿਤ ਸਿੱਖਿਆ ਸਹਾਇਤਾ ਮੁਹੱਈਆ ਕਰਦੇ ਹਨ। ਐਲਬਰਟਾ ਸਰਕਾਰ ਨਾਨ-ਪ੍ਰਾਫਿਟ ਇੰਡੀਪੈਂਡੈਂਟ ਸਕੂਲਾਂ ਨੂੰ

ਐਲਬਰਟਾ ਦੇ ਪਰਿਵਾਰਾਂ ਨੂੰ ਸਿੱਖਿਆ ਦੇ ਵਧੇਰੇ ਵਿਕਲਪ ਪੇਸ਼ ਕਰ ਸਕਣ ਲਈ, ਸਕੂਲ ਕੈਪੀਟਲ ਪਾਇਲਟ ਪ੍ਰਾਜੈਕਟ ਵਾਸਤੇ ਮੌਕਿਆਂ ਦੀ ਭਾਲ ਕਰਨਾਂ ਜਾਰੀ ਰੱਖੇਗੀ।

## ਫੌਰੀ ਤੱਥ

- ਸਕੂਲ ਕੰਸਟ੍ਰੱਕਸ਼ਨ ਐਕਸੈਲਰੇਟਰ ਪ੍ਰੋਗਰਾਮ 200,000 ਤੋਂ ਵਧੇਰੇ ਨਵੇਂ ਅਤੇ ਆਧੁਨਿਕੀਕ੍ਰਿਤੀ ਵਿਦਿਆਰਥੀ ਸਥਾਨ/ਅਸਾਮੀਆਂ ਮੁਹੱਈਆ ਕਰੇਗਾ।
    - ਅਗਲੇ ਤਿੰਨ ਸਾਲਾਂ ਦੌਰਾਨ ਪਹਿਲਾਂ ਮਨਜ਼ੂਰ ਕੀਤੇ ਗਏ ਸਕੂਲ ਪ੍ਰਾਜੈਕਟ ਅਤੇ ਮੌਡੂਲਰ ਕਲਾਸਰੂਮ ਤਕਰੀਬਨ 50,000 ਨਵੇਂ ਅਤੇ ਆਧਨਿਕੀਕ੍ਰਿਤ ਵਿਦਿਆਰਥੀ ਸਥਾਨ/ਅਸਾਮੀਆਂ ਪੈਦਾ ਕਰਨਗੇ।
    - ਇਹ ਪ੍ਰੋਗਰਾਮ ਤਕਰੀਬਨ 150,000 ਵਧੀਕ ਨਵੇਂ ਅਤੇ ਆਧੁਨਿਕੀਕ੍ਰਿਤ ਵਿਦਿਆਰਥੀ ਸਥਾਨ ਪੈਦਾ ਕਰੇਗਾ। ਇਸ 'ਚ ਸ਼ਾਮਲ ਹੈ::
        - 100,000 ਤੋਂ ਵਧੇਰੇ ਨਵੇਂ ਵਿਦਿਆਰਥੀ ਸਥਾਨ
        - 16,600 ਤੋਂ ਵਧੇਰੇ ਆਧੁਨਿਕੀਕ੍ਰਿਤ ਵਿਦਿਆਰਥੀ ਸਥਾਨ
        - ਨਵੇਂ ਜਾਂ ਪ੍ਰਤਿਸਥਾਪਤ ਮੌਡੂਲਰ ਕਲਾਸਰੂਮਾਂ 'ਚ 20,000 ਤੋਂ ਵਧੇਰੇ ਵਿਦਿਆਰਥੀ ਸਥਾਨ
        - ਤਕਰੀਬਨ 12,500 ਨਵੇਂ ਪਬਲਿਕ ਚਾਰਟਰ ਸਕੂਲ ਵਿਦਿਆਰਥੀ ਸਥਾਨ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ


### Savannah Johannsen

780-427-2251
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

### Kevin Lee

587-785-4366
ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ